ਵੈਕਸੀਨ ਜਾਣਕਾਰੀ ਦਾ ਬਿਆਨ

# ਹੈਪੇਟਾਈਟਿਸ ਬੀ ਵੈਕਸੀਨ

## *ਤੁਹਾਨੂੰ ਕੀ ਜਾਣਨ ਦੀ ਲੋੜ ਹੈ*

Many Vaccine Information Statements are available in Punjabi and other languages. See www.immunize.org/vis

ਕਸੀਨ ਜਾਣਕਾਰੀ ਦੇ ਬਹੁਤ ਸਾਰੇ ਬਿਆਨ ਸਪੇਨਿਸ਼ ਅਤੇ ਹੋਰ ਭਾਸ਼ਾਵਾਂ ਵਿਚ ਉਪਲਬਧ ਹਨ। www.immunize.org/vis

## 1 ਵੈਕਸੀਨ ਕਿਉਂ ਲਈਏ?

ਹੈਪੇਟਾਈਟਿਸ ਬੀ ਇੱਕ ਗੰਭੀਰ ਬਿਮਾਰੀ ਹੈ ਜੋ ਲੀਵਰ (ਜਿਗਰ) ਨੂੰ ਪ੍ਰਭਾਵਿਤ ਕਰਦੀ ਹੈ। ਇਹ ਹੈਪੇਟਾਈਟਿਸ ਬੀ ਦੇ ਵਾਇਰਸ ਕਾਰਨ ਹੁੰਦੀ ਹੈ। ਹੈਪੇਟਾਈਟਿਸ ਬੀ ਕਾਰਨ ਹਲਕੀ ਬਿਮਾਰੀ ਹੁੰਦੀ ਹੈ ਜੋ ਕੁਝ ਹਫਤਿਆਂ ਤਕ ਰਹਿੰਦੀ ਹੈ ਜਾਂ ਇਸ ਕਾਰਨ ਗੰਭੀਰ, ਜੀਵਨਭਰ ਲਈ ਬਿਮਾਰੀ ਹੋ ਸਕਦੀ ਹੈ।

ਹੈਪੇਟਾਈਟਿਸ ਬੀ ਵਾਇਰਸ ਦਾ ਸੰਕ੍ਰਮਣ ਜਾਂ ਤਾਂ ਘਾਤਕ ਹੋ ਸਕਦਾ ਹੈ ਜਾਂ ਚਿਰਕਾਲੀਨ।

ਘਾਤਕ ਹੈਪੇਟਾਈਟਿਸ ਬੀ ਦਾ ਸੰਕ੍ਰਮਣ ਥੋੜ੍ਹੇ-ਸਮੇਂ ਦੀ ਬਿਮਾਰੀ ਹੈ ਜੋ ਕਿਸੇ ਨੂੰ ਹੈਪੇਟਾਈਟਿਸ ਬੀ ਵਾਇਰਸ ਦੇ ਸੰਪਰਕ ਵਿੱਚ ਆਉਣ ਦੇ ਪਹਿਲੇ 6 ਮਹੀਨਿਆਂ ਅੰਦਰ ਹੁੰਦਾ ਹੈ। ਇਸ ਕਾਰਨ ਇਹ ਹੋ ਸਕਦਾ ਹੈ:
- ਬੁਖਾਰ, ਥਕਾਵਟ, ਭੁੱਖ ਨਾ ਲਗਣਾ, ਮਤਲੀ, ਅਤੇ/ਜਾਂ ਉਲਟੀਆਂ
- ਪੀਲੀਆ (ਪੀਲੀ ਚਮੜੀ ਜਾਂ ਅੱਖਾਂ, ਗੂੜ੍ਹੇ ਰੰਗ ਦਾ ਪਿਸ਼ਾਬ, ਮਿੱਟੀ ਦੇ ਰੰਗ ਦੀਆਂ ਟੱਟੀਆਂ)
- ਮਾਸਪੇਸ਼ੀਆਂ, ਜੋੜਾਂ ਅਤੇ ਪੇਟ ਵਿੱਚ ਦਰਦ

ਚਿਰਕਾਲੀਨ ਹੈਪੇਟਾਈਟਿਸ ਬੀ ਵਾਇਰਸ ਦਾ ਸੰਕ੍ਰਮਣ ਲੰਬੇ ਸਮੇਂ ਦੀ ਬਿਮਾਰੀ ਹੈ ਜੋ ਉਦੋਂ ਹੁੰਦਾ ਹੈ ਜਦੋਂ ਹੈਪੇਟਾਈਟਿਸ ਬੀ ਵਾਇਰਸ ਕਿਸੇ ਵਿਅਕਤੀ ਦੇ ਸਰੀਰ ਵਿੱਚ ਰਹਿ ਜਾਂਦਾ ਹੈ। ਜ਼ਿਆਦਾਤਰ ਲੋਕ ਜਿਨ੍ਹਾਂ ਵਿੱਚ ਚਿਰਕਾਲੀਨ ਹੈਪੇਟਾਈਟਿਸ ਬੀ ਵਿਕਸਿਤ ਹੁੰਦਾ ਹੈ ਉਨ੍ਹਾਂ ਨੂੰ ਕੋਈ ਲੱਛਣ ਨਹੀਂ ਹੁੰਦੇ, ਪਰ ਇਹ ਫੇਰ ਵੀ ਬਹੁਤ ਗੰਭੀਰ ਹੁੰਦਾ ਹੈ ਅਤੇ ਇਸ ਕਾਰਨ ਇਹ ਹੋ ਸਕਦਾ ਹੈ:
- ਲੀਵਰ ਖਰਾਬ ਹੋਣਾ (ਸਿਰੋਸਿਸ)
- ਲੀਵਰ ਕੈਂਸਰ
- ਮੌਤ

ਲੰਬੇ ਸਮੇਂ ਤੋਂ ਸੰਕ੍ਰਮਿਤ ਲੋਕ ਹੈਪੇਟਾਈਟਿਸ ਬੀ ਵਾਇਰਸ ਨੂੰ ਦੂਜੇ ਲੋਕਾਂ ਤੱਕ ਫੈਲਾ ਸਕਦੇ ਹਨ, ਭਾਵੇਂ ਜੇ ਉਹ ਖੁਦ ਬਿਮਾਰ ਮਹਿਸੂਸ ਨਹੀਂ ਕਰਦੇ ਜਾਂ ਨਜ਼ਰ ਨਹੀਂ ਆਉਂਦੇ। ਅਮਰੀਕਾ ਵਿੱਚ 1.4 ਮਿਲੀਅਨ ਤਕ ਲੋਕਾਂ ਨੂੰ ਚਿਰਕਾਲੀਨ ਹੈਪੇਟਾਈਟਿਸ ਬੀ ਦਾ ਸੰਕ੍ਰਮਣ ਹੋਇਆ ਹੋ ਸਕਦਾ ਹੈ। ਲਗਭਗ 90% ਸ਼ਿਸ਼ੂ ਜਿਨ੍ਹਾਂ ਨੂੰ ਹੈਪੇਟਾਈਟਿਸ ਬੀ ਹੁੰਦਾ ਹੈ ਉਹ ਲੰਬੇ ਸਮੇਂ ਲਈ ਸੰਕ੍ਰਮਿਤ ਹੋ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ 4 ਵਿਚੋਂ ਲਗਭਗ 1 ਦੀ ਮੌਤ ਹੋ ਜਾਂਦੀ ਹੈ।

ਹੈਪੇਟਾਈਟਿਸ ਬੀ ਉਦੋਂ ਫੈਲਦਾ ਹੈ ਜਦੋਂ ਹੈਪੇਟਾਈਟਿਸ ਬੀ ਨਾਲ ਸੰਕ੍ਰਮਿਤ ਖੂਨ, ਵੀਰਜ਼, ਜਾਂ ਕੋਈ ਹੋਰ ਸਰੀਰਕ ਦ੍ਰਵ ਉਸ ਵਿਅਕਤੀ ਦੇ ਸਰੀਰ ਵਿੱਚ ਪ੍ਰਵੇਸ਼ ਹੁੰਦਾ ਹੈ ਜੋ ਸੰਕ੍ਰਮਿਤ ਨਹੀਂ ਹੁੰਦਾ ਹੈ। ਲੋਕ ਇਨ੍ਹਾਂ ਰਾਹੀਂ ਵਾਇਰਸ ਨਾਲ ਸੰਕ੍ਰਮਿਤ ਹੋ ਸਕਦੇ ਹਨ:
- ਜਨਮ (ਕੋਈ ਬੱਚਾ ਜਿਸ ਦੀ ਮਾਂ ਸੰਕ੍ਰਮਿਤ ਹੁੰਦੀ ਹੈ ਉਸ ਨੂੰ ਜਨਮ ਸਮੇਂ ਜਾਂ ਬਾਅਦ ਵਿੱਚ ਸੰਕ੍ਰਮਣ ਹੋ ਸਕਦਾ ਹੈ)
- ਕਿਸੇ ਸੰਕ੍ਰਮਿਤ ਵਿਅਕਤੀ ਨਾਲ ਬਲੇਡ ਜਾਂ ਦੰਦਾਂ ਦੇ ਬਰੱਸ਼ ਵਰਗੀਆਂ ਚੀਜ਼ਾਂ ਨੂੰ ਸਾਂਝਾ ਕਰਕੇ
- ਕਿਸੇ ਸੰਕ੍ਰਮਿਤ ਵਿਅਕਤੀ ਦੇ ਖੂਨ ਜਾਂ ਖੁਲ੍ਹੇ ਜਖਮਾਂ ਦੇ ਸੰਪਰਕ ਵਿੱਚ ਆਉਣ ਨਾਲ
- ਸੰਕ੍ਰਮਿਤ ਸਾਥੀ ਨਾਲ ਸੰਭੋਗ ਕਰਨ ਨਾਲ
- ਸੂਈਆਂ, ਸਿਰਿੰਜਾਂ ਜਾਂ ਦਵਾਈ ਇੰਜੈਕਟ ਕਰਨ ਵਾਲੇ ਹੋਰ ਉਪਕਰਨਾਂ ਨੂੰ ਸਾਂਝਾ ਕਰਕੇ
- ਸੂਈ ਦੀਆਂ ਚੋਭਾਂ ਜਾਂ ਹੋਰ ਤਿੱਖੇ ਉਪਕਰਨਾਂ ਤੋਂ ਖੂਨ ਨਾਲ ਸੰਪਰਕ ਵਿੱਚ ਆਉਣ ਨਾਲ

ਅਮਰੀਕਾ ਵਿੱਚ ਹਰ ਸਾਲ ਲਗਭਗ 2,000 ਲੋਕ ਹੈਪੇਟਾਈਟਿਸ ਬੀ ਨਾਲ ਸਬੰਧਿਤ ਲੀਵਰ ਦੀ ਬਿਮਾਰੀ ਨਾਲ ਮਰਦੇ ਹਨ।

ਹੈਪੇਟਾਈਟਿਸ ਬੀ ਵੈਕਸੀਨ (ਦਵਾਈ) ਹੈਪੇਟਾਈਟਿਸ ਬੀ ਅਤੇ ਲੀਵਰ ਕੈਂਸਰ ਅਤੇ ਸਿਰੋਸਿਸ ਸਮੇਤ ਇਸ ਦੇ ਪਰਿਣਾਮਾਂ ਨੂੰ ਰੋਕ ਸਕਦੀ ਹੈ।

## 2 ਹੈਪੇਟਾਈਟਿਸ ਬੀ ਵੈਕਸੀਨ

ਹੈਪੇਟਾਈਟਿਸ ਬੀ ਵੈਕਸੀਨ ਹੈਪੇਟਾਈਟਿਸ ਬੀ ਵਾਇਰਸ ਦੇ ਭਾਗਾਂ ਤੋਂ ਬਣਦੀ ਹੈ। ਇਸ ਕਾਰਨ ਹੈਪੇਟਾਈਟਿਸ ਬੀ ਦਾ ਸੰਕ੍ਰਮਣ ਨਹੀਂ ਹੋ ਸਕਦਾ ਹੈ। ਵੈਕਸੀਨ ਆਮ ਤੌਰ ਤੇ 1 ਤੋਂ 6 ਮਹੀਨਿਆਂ ਦੌਰਾਨ 2, 3, ਜਾਂ 4 ਸ਼ਾਟਸ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ।

ਸ਼ਿਸ਼ੂਆਂ ਨੂੰ ਉਨ੍ਹਾਂ ਦੀ ਹੈਪੇਟਾਈਟਿਸ ਬੀ ਦੀ ਪਹਿਲੀ ਖੁਰਾਕ ਜਨਮ ਸਮੇਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਆਮ ਤੌਰ ਤੇ ਇਹ ਕ੍ਰਮ 6 ਮਹੀਨਿਆਂ ਦੀ ਉਮਰ ਵਿੱਚ ਖਤਮ ਹੋਵੇਗਾ।

19 ਸਾਲ ਦੀ ਉਮਰ ਤੋਂ ਘੱਟ ਵਾਲੇ ਸਾਰੇ ਬੱਚੇ ਅਤੇ ਕਿਸ਼ੋਰ ਜਿਨ੍ਹਾਂ ਨੂੰ ਵੈਕਸੀਨ ਨਹੀਂ ਦਿੱਤੀ ਗਈ, ਉਨ੍ਹਾਂ ਨੂੰ ਵੈਕਸੀਨ ਦਿੱਤੀ ਜਾਣੀ ਚਾਹੀਦੀ ਹੈ।

ਹੈਪੇਟਾਈਟਿਸ ਬੀ ਵੈਕਸੀਨ ਦੀ ਸਿਫਾਰਿਸ਼ ਉਨ੍ਹਾਂ ਬਾਲਗਾਂ ਲਈ ਵੀ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਪਹਿਲਾਂ ਵੈਕਸੀਨ ਨਹੀਂ ਮਿਲੀ ਸੀ ਅਤੇ ਜੋ ਹੈਪੇਟਾਈਟਿਸ ਬੀ ਵਾਇਰਸ ਸੰਕ੍ਰਮਣ ਦੇ ਜੋਖਿਮ ਤੇ ਹਨ, ਸਮੇਤ:
- ਉਹ ਵਿਅਕਤੀ ਜਿਨ੍ਹਾਂ ਦੇ ਸੈਕਸ ਸਾਥੀਆਂ ਨੂੰ ਹੈਪੇਟਾਈਟਿਸ ਬੀ ਹੈ
- ਲਿੰਗਕ ਤੌਰ ਤੇ ਸਕ੍ਰਿਯ ਵਿਅਕਤੀ ਜੋ ਕਿਸੇ ਇੱਕ ਵਿਅਕਤੀ ਨਾਲ ਲੰਬੇ ਸਮੇਂ ਦੇ ਰਿਸ਼ਤੇ ਵਿੱਚ ਨਹੀਂ ਹਨ
- ਯੋਨ ਸੰਚਾਰਿਤ ਰੋਗ ਲਈ ਮੁਲਾਂਕਣ ਜਾਂ ਇਲਾਜ ਕਰਵਾ ਰਹੇ ਵਿਅਕਤੀ
- ਉਹ ਆਦਮੀ ਜਿਨ੍ਹਾਂ ਦਾ ਕਿਸੇ ਹੋਰ ਆਦਮੀ ਨਾਲ ਜਿਨਸੀ ਸੰਪਰਕ ਹੈ
- ਉਹ ਲੋਕ ਜੋ ਸੂਈਆਂ, ਸਿਰਿੰਜਾਂ ਜਾਂ ਦਵਾਈ ਇੰਜੈਕਟ ਕਰਨ ਵਾਲੇ ਹੋਰ ਉਪਕਰਨਾਂ ਨੂੰ ਸਾਂਝਾ ਕਰਦੇ ਹਨ
- ਉਹ ਲੋਕ ਜੋ ਹੈਪੇਟਾਈਟਿਸ ਬੀ ਵਾਇਰਸ ਨਾਲ ਸੰਕ੍ਰਮਿਤ ਕਿਸੇ ਨਾਲ ਪਰਿਵਾਰਿਕ ਸੰਪਰਕ ਵਿੱਚ ਹਨ
- ਸਿਹਤ ਸੰਭਾਲ ਅਤੇ ਜਨਤਕ ਸੁਰੱਖਿਆ ਕਰਮਚਾਰੀ ਖੂਨ ਜਾਂ ਸਰੀਰਕ ਦ੍ਰਵ ਦੇ ਸੰਪਰਕ ਵਿੱਚ ਆਉਣ ਦੇ ਜੋਖਿਮ ਤੇ ਹਨ
- ਵਿਕਾਸਾਤਮਕ ਤੌਰ ਤੇ ਅਸਮਰੱਥ ਵਿਅਕਤੀਆਂ ਲਈ ਸੁਵਿਧਾਵਾਂ ਦੇ ਵਸਨੀਕ ਅਤੇ ਸਟਾਫ
- ਸੁਧਾਰਕ ਸੁਵਿਧਾਵਾਂ ਵਿਚਲੇ ਵਿਅਕਤੀ
- ਯੋਨ ਉਤਪੀੜਨ ਜਾਂ ਬਲਾਤਕਾਰ ਦੇ ਪੀੜਤ
- ਹੈਪੇਟਾਈਟਿਸ ਬੀ ਦੀ ਵਾਧੂ ਦਰ ਵਾਲੇ ਇਲਾਕਿਆਂ ਵਿੱਚ ਜਾਣ ਵਾਲੇ ਯਾਤਰੂ
- ਚਿਰਕਾਲੀਨ ਲੀਵਰ ਦੀ ਬਿਮਾਰੀ, ਕਿਡਨੀ ਦੀ ਬਿਮਾਰੀ, ਐਚਆਈਵੀ ਸੰਕ੍ਰਮਣ, ਜਾਂ ਡਾਇਬਿਟੀਜ਼ ਵਾਲੇ ਵਿਅਕਤੀ
- ਕੋਈ ਵਿਅਕਤੀ ਜੋ ਹੈਪੇਟਾਈਟਿਸ ਬੀ ਤੋਂ ਸੁਰੱਖਿਅਤ ਰਹਿਣਾ ਚਾਹੁੰਦਾ ਹੈ

ਹੈਪੇਟਾਈਟਿਸ ਬੀ ਵੈਕਸੀਨ ਦੇ ਸਮੇਂ ਹੋਰ ਦਵਾਈਆਂ ਨਾਲ ਲੈਣ ਬਾਰੇ ਕੋਈ ਗਿਆਤ ਜੋਖਿਮ ਨਹੀਂ ਹਨ।



U.S. Department of Health and Human Services
Centers for Disease Control and Prevention

## 3 ਕੁਝ ਲੋਕਾਂ ਨੂੰ ਇਹ ਵੈਕਸੀਨ ਨਹੀਂ ਲੈਣੀ ਚਾਹੀਦੀ ਹੈ

ਉਸ ਵਿਅਕਤੀ ਨੂੰ ਦੱਸੋ ਜੋ ਵੈਕਸੀਨ ਦੇ ਰਿਹਾ ਹੈ:

- ਜੇ ਵੈਕਸੀਨ ਲੈ ਰਹੇ ਵਿਅਕਤੀ ਨੂੰ ਗੰਭੀਰ, ਜਾਨਲੇਵਾ ਅਲਰਜ਼ੀਆਂ ਹਨ। ਜੇ ਤੁਹਾਨੂੰ ਹੈਪੇਟਾਈਟਿਸ ਬੀ ਵੈਕਸੀਨ ਦੀ ਖੁਰਾਕ ਤੋਂ ਬਾਅਦ ਕਦੇ ਵੀ ਜਾਨਲੇਵਾ ਅਲਰਜ਼ਿਕ ਪ੍ਰਤੀਕਿਰਿਆ ਹੋਈ ਹੈ, ਜਾਂ ਇਸ ਵੈਕਸੀਨ ਦੇ ਕਿਸੇ ਭਾਗ ਤੋਂ ਗੰਭੀਰ ਅਲਰਜ਼ੀ ਹੈ, ਤਾਂ ਤੁਹਾਨੂੰ ਵੈਕਸੀਨ ਨਾ ਲੈਣ ਦੀ ਸਲਾਹ ਦਿੱਤੀ ਜਾ ਸਕਦੀ ਹੈ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੋ ਜੇ ਤੁਹਾਨੂੰ ਵੈਕਸੀਨ ਦੇ ਸੰਘਟਕਾਂ ਬਾਰੇ ਜਾਣਕਾਰੀ ਚਾਹੀਦੀ ਹੈ।
- ਜੇ ਵੈਕਸੀਨ ਲੈ ਰਿਹਾ ਵਿਅਕਤੀ ਚੰਗਾ ਮਹਿਸੂਸ ਨਹੀਂ ਕਰ ਰਿਹਾ ਹੈ। ਜੇ ਤੁਹਾਨੂੰ ਹਲਕੀ ਬਿਮਾਰੀ ਹੈ, ਜਿਵੇਂ ਕਿ ਜ਼ੁਕਾਮ, ਤਾਂ ਤੁਸੀਂ ਸੰਭਾਵਿਤ ਤੌਰ ਤੇ ਅੱਜ ਦਵਾਈ ਲੈ ਸਕਦੇ ਹੋ। ਜੇ ਤੁਸੀਂ ਔਸਤ ਜਾਂ ਗੰਭੀਰ ਰੂਪ ਵਿੱਚ ਬਿਮਾਰ ਹੋ, ਤਾਂ ਤੁਹਾਨੂੰ ਸੰਭਾਵਿਤ ਤੌਰ ਤੇ ਤੁਹਾਡੇ ਠੀਕ ਹੋਣ ਤਕ ਉਡੀਕ ਕਰਨੀ ਚਾਹੀਦੀ ਹੈ। ਤੁਹਾਡਾ ਡਾਕਟਰ ਤੁਹਾਨੂੰ ਸਲਾਹ ਦੇ ਸਕਦਾ ਹੈ।

## 4 ਵੈਕਸੀਨ ਪ੍ਰਤੀਕਿਰਿਆ ਦੇ ਜੋਖਿਮ

ਵੈਕਸੀਨ ਸਮੇਤ, ਕਿਸੇ ਵੀ ਦਵਾਈ ਦੇ ਨਾਲ, ਗੌਣ ਪ੍ਰਭਾਵ ਹੋਣ ਦੇ ਮੌਕੇ ਹੁੰਦੇ ਹਨ। ਇਹ ਆਮ ਤੌਰ ਤੇ ਹਲਕੇ ਹੁੰਦੇ ਹਨ ਅਤੇ ਆਪਣੇ-ਆਪ ਚਲੇ ਜਾਂਦੇ ਹਨ, ਪਰ ਗੰਭੀਰ ਪ੍ਰਤੀਕਿਰਿਆਵਾਂ ਦੀ ਵੀ ਸੰਭਾਵਨਾ ਹੈ।

ਜ਼ਿਆਦਾਤਰ ਲੋਕ ਜੋ ਹੈਪੇਟਾਈਟਿਸ ਬੀ ਵੈਕਸੀਨ ਲੈਂਦੇ ਹਨ ਉਨ੍ਹਾਂ ਨਾਲ ਇਸ ਨਾਲ ਕੋਈ ਸਮੱਸਿਆਵਾਂ ਨਹੀਂ ਹੁੰਦੀਆਂ।

ਹੈਪੇਟਾਈਟਿਸ ਬੀ ਵੈਕਸੀਨ ਤੋਂ ਬਾਅਦ ਗੌਣ ਸਮੱਸਿਆਵਾਂ ਵਿੱਚ ਸ਼ਾਮਲ ਹਨ:

- ਉਸ ਜਗ੍ਹਾ ਤੇ ਸੋਜਿਸ਼ ਜਿੱਥੇ ਸ਼ਾਟ ਦਿੱਤਾ ਗਿਆ ਸੀ
- 99.9°F ਜਾਂ ਜ਼ਿਆਦਾ ਤਾਪਮਾਨ

ਜੇ ਇਹ ਸਮੱਸਿਆਵਾਂ ਹੁੰਦੀਆਂ ਹਨ, ਤਾਂ ਉਹ ਆਮ ਤੌਰ ਤੇ ਸ਼ਾਟ ਦੇਣ ਤੋਂ ਤੁਰੰਤ ਬਾਅਦ ਹੁੰਦੀਆਂ ਹਨ ਅਤੇ 1 ਜਾਂ 2 ਦਿਨਾਂ ਤਕ ਰਹਿੰਦੀਆਂ ਹਨ।

ਤੁਹਾਡਾ ਡਾਕਟਰ ਤੁਹਾਨੂੰ ਇਨ੍ਹਾਂ ਪ੍ਰਤੀਕਿਰਿਆਵਾਂ ਬਾਰੇ ਹੋਰ ਦੱਸ ਸਕਦਾ ਹੈ।

ਇਸ ਵੈਕਸੀਨ ਤੋਂ ਬਾਅਦ ਹੋਰ ਸਮੱਸਿਆਵਾਂ ਜੋ ਹੋ ਸਕਦੀਆਂ ਹਨ:

- ਕਈ ਵਾਰ ਲੋਕ ਵੈਕਸੀਨ ਸਮੇਤ ਮੈਡੀਕਲ ਪ੍ਰਕਿਰਿਆ ਤੋਂ ਬਾਅਦ ਬੇਹੋਸ਼ ਹੋ ਜਾਂਦੇ ਹਨ। ਲਗਭਗ 15 ਮਿੰਟਾਂ ਲਈ ਬੈਠੇ ਰਹਿਣ ਜਾਂ ਲੰਮੇ ਪਏ ਰਹਿਣ ਨਾਲ ਬੇਹੋਸ਼ ਹੋਣ ਅਤੇ ਗਿਰਣ ਕਾਰਨ ਹੋਣ ਵਾਲੀਆਂ ਸੱਟਾਂ ਨੂੰ ਰੋਕਿਆ ਜਾ ਸਕਦਾ ਹੈ। ਆਪਣੇ ਪ੍ਰਦਾਤਾ ਨੂੰ ਦੱਸੋ ਜੇ ਤੁਹਾਨੂੰ ਚੱਕਰ ਆਉਂਦੇ ਲਗਦੇ ਹਨ, ਜਾਂ ਨਜ਼ਰ ਵਿੱਚ ਬਦਲਾਅ ਹੁੰਦਾ ਹੈ ਜਾਂ ਕੰਨਾਂ ਵਿੱਚ ਘੰਟੀਆਂ ਵਜਦੀਆਂ ਹਨ।
- ਕੁਝ ਲੋਕਾਂ ਨੂੰ ਮੋਢੇ ਵਿੱਚ ਦਰਦ ਹੁੰਦੀ ਹੈ ਜੋ ਰੁਟੀਨ ਦੀ ਦਰਦ ਨਾਲੋਂ ਜ਼ਿਆਦਾ ਗੰਭੀਰ ਅਤੇ ਲੰਬੀ ਹੋ ਸਕਦੀ ਹੈ ਜੋ ਇੰਜੈਕਸ਼ਨਾਂ ਕਾਰਨ ਹੋਣ ਵਾਲੀ ਸੋਜਿਸ਼ ਤੋਂ ਬਾਅਦ ਹੁੰਦੀ ਹੈ। ਇਹ ਬਹੁਤ ਹੀ ਘੱਟ ਵਾਰ ਹੁੰਦਾ ਹੈ।
- ਕਿਸੇ ਵੀ ਦਵਾਈ ਕਾਰਨ ਗੰਭੀਰ ਅਲਰਜ਼ਿਕ ਪ੍ਰਤੀਕਿਰਿਆ ਹੋ ਸਕਦੀ ਹੈ। ਕਿਸੇ ਵੈਕਸੀਨ ਤੋਂ ਇਸ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਬਹੁਤ ਹੀ ਘੱਟ ਹੁੰਦੀਆਂ ਹਨ, ਅੰਦਾਜ਼ਨ ਇੱਕ ਮਿਲੀਅਨ ਖੁਰਾਕਾਂ ਵਿਚੋਂ ਲਗਭਗ 1, ਅਤੇ ਵੈਕਸੀਨ ਦੇਣ ਤੋਂ ਕੁਝ ਮਿੰਟਾਂ ਤੋਂ ਕੁਝ ਘੰਟਿਆਂ ਅੰਦਰ ਹੋ ਜਾਣਗੀਆਂ।

ਜਿਵੇਂ ਕਿ ਕਿਸੇ ਵੀ ਦਵਾਈ ਨਾਲ ਹੁੰਦਾ ਹੈ, ਕਿਸੇ ਵੈਕਸੀਨ ਕਾਰਨ ਗੰਭੀਰ ਸੱਟ ਜਾਂ ਮੌਤ ਹੋਣ ਦੇ ਬਹੁਤ ਹੀ ਘੱਟ ਮੌਕੇ ਹਨ।

ਵੈਕਸੀਨਾਂ ਦੀ ਸੁਰੱਖਿਆ ਦੀ ਹਮੇਸ਼ਾਂ ਨਿਗਰਾਨੀ ਕੀਤੀ ਜਾਂਦੀ ਹੈ। ਜ਼ਿਆਦਾ ਜਾਣਕਾਰੀ ਲਈ, ਇੱਥੇ ਜਾਓ: www.cdc.gov/vaccinesafety/

## 5 ਤਾਂ ਕੀ ਜੇ ਕੋਈ ਗੰਭੀਰ ਸਮੱਸਿਆ ਹੁੰਦੀ ਹੈ?

ਮੈਨੂੰ ਕੀ ਲੱਭਣਾ ਚਾਹੀਦਾ ਹੈ?

- ਉਸ ਕਿਸੇ ਚੀਜ਼ ਨੂੰ ਲੱਭੋ ਜੋ ਤੁਹਾਨੂੰ ਚਿੰਤਤ ਕਰਦੀ ਹੈ, ਜਿਵੇਂ ਕਿ ਗੰਭੀਰ ਅਲਰਜ਼ਿਕ ਪ੍ਰਤੀਕਿਰਿਆ  ਦੇ ਸੰਕੇਤ, ਬਹੁਤ ਜ਼ਿਆਦਾ ਬੁਖ਼ਾਰ, ਜਾਂ ਅਸਧਾਰਨ ਵਿਹਾਰ।

  ਗੰਭੀਰ ਅਲਰਜ਼ਿਕ ਪ੍ਰਤੀਕਿਰਿਆ ਦੇ ਸੰਕੇਤਾਂ ਵਿੱਚ ਛਪਾਕੀ, ਚਿਹਰੇ ਅਤੇ ਗਲੇ ਵਿੱਚ ਸੋਜਿਸ਼, ਸਾਹ ਲੈਣ ਵਿੱਚ ਮੁਸ਼ਕਿਲ, ਤੇਜ਼ ਦਿਲ ਦੀ ਧੜਕਣ, ਚੱਕਰ ਆਉਣੇ, ਅਤੇ ਕਮਜ਼ੋਰੀ ਸ਼ਾਮਲ ਹੋ ਸਕਦੀ ਹੈ। ਇਹ ਵੈਕਸੀਨ ਦੇਣ ਤੋਂ ਕੁਝ ਮਿੰਟਾਂ ਤੋਂ ਕੁਝ ਘੰਟਿਆਂ ਅੰਦਰ ਹੋ ਜਾਣਗੀਆਂ।

ਮੈਨੂੰ ਕੀ ਕਰਨਾ ਚਾਹੀਦਾ ਹੈ?

- ਜੇ ਤੁਹਾਨੂੰ ਲਗਦਾ ਹੈ ਕਿ ਇਹ ਗੰਭੀਰ ਅਲਰਜ਼ਿਕ ਪ੍ਰਤੀਕਿਰਿਆ ਜਾਂ ਹੋਰ ਐਮਰਜੈਂਸੀ ਹੈ ਜਿਸ ਲਈ ਉਡੀਕ ਨਹੀਂ ਕੀਤੀ ਜਾ ਸਕਦੀ ਹੈ, ਤਾਂ 9-1-1 ਤੇ ਕਾਲ ਕਰੋ ਜਾਂ ਨਜ਼ਦੀਕੀ ਹਸਪਤਾਲ ਵਿੱਚ ਜਾਓ। ਨਹੀਂ ਤਾਂ, ਆਪਣੀ ਕਲੀਨਿਕ ਵਿੱਚ ਕਾਲ ਕਰੋ।

  ਉਸ ਤੋਂ ਬਾਅਦ, ਪ੍ਰਤੀਕਿਰਿਆ ਨੂੰ ਦ ਵੈਕਸੀਨ ਅਡਵਰਸ ਈਵੈਂਟ ਰਿਪੋਰਟਿੰਗ ਸਿਸਟਮ (the Vaccine Adverse Event Reporting System) (VAERS) ਕੋਲ ਰਿਪੋਰਟ ਕਰੋ। ਤੁਹਾਡੇ ਡਾਕਟਰ ਨੂੰ ਇਸ ਰਿਪੋਰਟ ਨੂੰ ਫਾਈਲ ਕਰਨਾ ਚਾਹੀਦਾ ਹੈ, ਜਾਂ ਤੁਸੀਂ ਇਸ ਨੂੰ VAERS ਵੈੱਬਸਾਈਟ

  www.vaers.hhs.gov ਤੇ ਜਾ ਕੇ ਜਾਂ 1-800-822-7967 ਤੇ ਕਾਲ ਕਰਕੇ ਆਪਣੇ-ਆਪ ਵੀ ਕਰ ਸਕਦੇ ਹੋ।

*VAERS ਮੈਡੀਕਲ ਸਲਾਹ ਨਹੀਂ ਦਿੰਦਾ ਹੈ।*

## 6 ਦ ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ

(The National Vaccine Injury Compensation Program)

ਦ ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ (The National Vaccine Injury Compensation Program) (VICP) ਇੱਕ ਸੰਘੀ ਪ੍ਰੋਗਰਾਮ ਹੈ ਜੋ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਇਆ ਗਿਆ ਸੀ ਜਿਨ੍ਹਾਂ ਨੂੰ ਕੁਝ ਵੈਕਸੀਨਾਂ ਕਾਰਨ ਨੁਕਸਾਨ ਹੋਇਆ ਹੋਵੇ।

ਉਹ ਲੋਕਾਂ ਜਿਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਕਿਸੇ ਵੈਕਸੀਨ ਕਾਰਨ ਨੁਕਸਾਨ ਹੋਇਆ ਹੈ, ਉਹ 1-800-338-2382 ਤੇ ਕਾਲ ਕਰਕੇ ਜਾਂ VICP ਵੈੱਬਸਾਈਟ www.hrsa.gov/vaccinecompensation ਤੇ ਜਾ ਕੇ ਪ੍ਰੋਗਰਾਮ ਬਾਰੇ ਅਤੇ ਦਾਅਵਾ ਕਿਵੇਂ ਫਾਈਲ ਕਰਨਾ ਹੈ ਬਾਰੇ ਜਾਣ ਸਕਦੇ ਹਨ। ਮੁਆਵਜ਼ੇ ਲਈ ਦਾਅਵਾ ਫਾਈਲ ਕਰਨ ਦੀ ਇੱਕ ਸਮਾਂ ਸੀਮਾ ਹੁੰਦੀ ਹੈ।

## 7 ਮੈਂ ਹੋਰ ਕਿਵੇਂ ਜਾਣ ਸਕਦਾ ਹਾਂ?

- ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੋ। ਉਹ ਤੁਹਾਨੂੰ ਦਿੱਤੀ ਗਈ ਵੈਕਸੀਨ ਦੇ ਪੈਕੇਜ਼ ਦੇ ਸਕਦੇ ਹਨ ਜਾਂ ਜਾਣਕਾਰੀ ਦੇ ਹੋਰ ਸਰੋਤਾਂ ਦੀ ਸਲਾਹ ਦੇ ਸਕਦੇ ਹਨ।
- ਆਪਣੇ ਸਥਾਨਕ ਜਾਂ ਰਾਜ ਦੇ ਸਿਹਤ ਵਿਭਾਗ ਨੂੰ ਕਾਲ ਕਰੋ।
- ਬਿਮਾਰੀ ਦੇ ਕੰਟ੍ਰੋਲ ਅਤੇ ਰੋਕਥਾਮ ਲਈ ਕੇਂਦਰਾਂ (CDC) ਨਾਲ ਸੰਪਰਕ ਕਰੋ:
  - 1-800-232-4636 (1-800-CDC-INFO) ਤੇ ਕਾਲ ਕਰੋ ਜਾਂ
  - CDC ਦੀ ਵੈੱਬਸਾਈਟ www.cdc.gov/vaccines

Vaccine Information Statement

# Hepatitis B Vaccine

Office use only

Translation provided by the California Department of Public Health, Immunization Branch